www.a2zpapers.com

# 2316

300

## Class – BCA/B.Sc IT/BT/B.VOC/JMC/BFA/BD/FD Sem-II

## Subject – Punjabi

## Paper– General Punjabi

**Time Allowed : 3 Hours** **Maximum Marks : 50**

1. 'ਅੱਖਾਂ' ਲੇਖ ਦਾ ਵਿਸ਼ਾ-ਵਸਤੂ ਸਪਸ਼ਟ ਕਰੋ।

ਜਾਂ

'ਕੰਪਿਊਟਰ ਤੇ ਇੰਟਰਨੈੱਟ' ਲੇਖ ਦਾ ਸਾਰ ਲਿਖੋ। 10

2. 'ਪਠਾਣ ਦੀ ਧੀ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

ਜਾਂ

'ਉਜਾੜ' ਕਹਾਣੀ ਵਿਚਲੇ ਮੁੱਖ ਪਾਤਰ 'ਆਲਾ ਸਿੰਘ' ਦਾ ਪਾਤਰ ਚਿੱਤਰਨ ਕਰੋ। 10

3. ਧਾਤੂ ਤੋਂ ਕੀ ਭਾਵ ਹੈ? ਵਧੇਤਰ ਦੀਆਂ ਕਿਸਮਾਂ ਦੱਸੋ।

ਜਾਂ

ਸ਼ਬਦ ਦੀ ਪਰਿਭਾਸ਼ਾ ਦਿੰਦੇ ਹੋਏ ਵਰਤੋਂ ਅਤੇ ਰੂਪ ਦੇ ਆਧਾਰ ਤੇ ਇਸਦਾ ਵਰਗੀਕਰਨ ਕਰੋ। 10

4. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ।

(ੳ) 26 ਜਨਵਰੀ ਜਾਂ ਗਣਤੰਤਰ ਦਿਵਸ

(ਅ) ਕੌਮੀ ਏਕਤਾ 5

(ੲ) ਮਾਤ ਭਾਸ਼ਾ ਦੀ ਮਹੱਤਤਾ

5. ਨਿਮਨਲਿਖਿਤ ਪੈਰ੍ਹਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:-

ਅਖਾਣ ਦੇ ਉਲਟ ਮੁਹਾਵਰਾ ਆਮ ਬੋਲਚਾਲ ਦੀ ਚੀਜ਼ ਹੁੰਦੀ ਹੈ। ਇਹ ਗੱਲਬਾਤ ਵਿੱਚ ਕਈ ਵਾਰ ਤਾਂ ਅਖਾਣ ਵਾਲੀ ਭੂਮਿਕਾ ਅਦਾ ਕਰਦਾ ਹੈ ਤੇ ਕਈ ਵਾਰ ਕਵਿਤਾ ਵਿਚਲੇ ਅਲੰਕਾਰਾਂ ਵਾਂਗ ਇਹ ਖਾਸ ਕਿਸਮ ਦਾ ਪ੍ਰਭਾਵ ਸਿਰਜਣ ਲਈ ਹੀ **ਪ੍ਰਯੋਗ** ਵਿਚ ਆਉਂਦਾ ਹੈ। ਮੁਹਾਵਰਾ ਕਿਸੇ ਭਾਸ਼ਾ ਦੀਆਂ ਅਜਿਹੀਆਂ ਢਾਲਾਂ ਹਨ ਜਿਹੜੀਆਂ ਗੱਲਬਾਤ ਨੂੰ ਡਗਮਗਾਉਣ ਤੋਂ ਰੋਕਦੀਆਂ ਹਨ। **ਸਰੋਤਾ** ਤੇ **ਵਕਤਾ** ਵਿਚਲੇ ਪ੍ਰਵਚਨ ਨੂੰ ਪੂਰੀ ਤਰ੍ਹਾਂ ਪ੍ਰਸੰਗ ਨਾਲ ਜੋੜੀ ਰੱਖਦੀਆਂ ਹਨ। ਮੁਹਾਵਰੇ ਆਮ ਬੋਲਚਾਲ





www.a2zpapers.com

www.a2zpapers.com

ਵਿਚ ਇਸ ਲਈ ਵੀ ਪ੍ਰਯੋਗ ਹੁੰਦੇ ਹਨ ਕਿ ਇਹਨਾਂ ਦੇ ਪ੍ਰਯੋਗ ਬਿਨਾਂ ਹੋਰ ਕੋਈ ਇੱਕਲਾ-ਕਾਰੀ ਸ਼ਬਦ ਉਸ ਭਾਵਨਾ ਨੂੰ ਪ੍ਰਗਟ ਨਹੀਂ ਕਰ ਸਕਦਾ। ਮੁਹਾਵਰਾ ਜ਼ੋਰਦਾਰ ਢੰਗ ਨਾਲ ਭਾਸ਼ਾ ਨੂੰ ਬਲ ਪ੍ਰਦਾਨ ਕਰਦਾ ਹੈ।

(ੳ) ਸਾਧਾਰਨ ਬੋਲਚਾਲ ਵਿਚ ਮੁਹਾਵਰੇ ਦੀ ਕੀ ਭੂਮਿਕਾ ਹੁੰਦੀ ਹੈ?

(ਅ) ਭਾਸ਼ਾ ਨਾਲ ਮੁਹਾਵਰੇ ਦਾ ਕੀ ਸੰਬੰਧ ਹੈ?

(ੲ) ਸਾਧਾਰਨ ਸ਼ਬਦ ਤੇ ਮੁਹਾਵਰੇ ਵਿਚ ਕੀ ਅੰਤਰ ਹੈ?

(ਸ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

(ਹ) ਮੋਟੇ ਸ਼ਬਦਾਂ ਦੇ ਅਰਥ ਲਿਖੋ। 5

7. (ੳ) ਕੋਈ ਪੰਜ ਮੁਹਾਵਰੇ ਵਾਕਾਂ ਵਿਚ ਵਰਤ ਕੇ ਇਹਨਾਂ ਦੇ ਅਰਥ ਸਪੱਸ਼ਟ ਕਰੋ :

(i) ਉਂਗਲ ਕਰਨੀ

(ii) ਅਕਲ 'ਤੇ ਪਰਦਾ ਪੈਣਾ

(iii) ਇਕ ਦੀਆਂ ਚਾਰ ਸੁਣਾਉਣਾ

(iv) ਸਿਰ 'ਤੇ ਹੱਥ ਰੱਖਣਾ

(v) ਹੱਥ ਪੀਲੇ ਕਰਨਾ

(vi) ਤੇਲ ਚੋਣਾ

(vii) ਧੁੰਮਾਂ ਪੈ ਜਾਣੀਆਂ

(viii) ਨਹੁੰ-ਮਾਸ ਦਾ ਰਿਸ਼ਤਾ ਹੋਣਾ

(ਅ) ਕੋਈ ਪੰਜ ਅਖਾਣਾਂ ਨੂੰ ਵਾਕਾਂ ਵਿਚ ਵਰਤ ਕੇ ਇਹਨਾਂ ਦੇ ਅਰਥ ਸਪੱਸ਼ਟ ਕਰੋ:

(i) ਉਹੀ ਰਾਣੀ, ਜੋ ਖ਼ਸਮੇ ਭਾਣੀ

(ii) ਆਪ ਭਲੇ, ਜਗ ਭਲਾ

(iii) ਇੱਕ ਚੁੱਪ, ਸੌ ਸੁੱਖ

(iv) ਸਹਿਜ ਪੱਕੇ ਸੋ ਮਿੱਠਾ ਹੋਇ

(v) ਹੰਕਾਰਿਆ ਸੋ ਮਾਰਿਆ

(vi) ਕੋਹ ਨਾ ਤੁਰੀ ਬਾਬਾ ਤਿਹਾਈ

(vii) ਖਵਾਜੇ ਦਾ ਗਵਾਹ ਡੱਡੂ

(viii) ਗੱਲ ਲਾਈ ਗਿੱਟੇ, ਕੋਈ ਰੋਵੇ ਕੋਈ ਪਿੱਟੇ $5 \times 2 = 10$

*******



www.a2zpapers.com